# ਦਫਤਰ ਡਾਇਰੈਕਟਰ,ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ।
# ਸਰਕਾਰੀ ਮਾਡਲ ਸੀਨੀਅਰ ਸੰਕੈਡਰੀ ਸਕੂਲ,ਫੇਜ਼-3ਬੀ1,ਐਸ.ਏ.ਐਸ ਨਗਰ।

**(ਵੈਬਸਾਈਟ www.educationrecruitmentboard.com)**

---

## ਪਬਲਿਕ ਨੋਟਿਸ

ਪੰਜਾਬ ਸਿੱਖਿਆ ਵਿਭਾਗ ਵੱਲੋਂ ਈ.ਟੀ.ਟੀ ਅਧਿਆਪਕਾਂ ਦੀਆਂ 4500 ਅਸਾਮੀਆਂ ਭਰਨ ਲਈ ਯੋਗ ਉਮੀਦਵਾਰਾਂ ਵੱਲੋਂ, ਵਿਭਾਗ ਦੀ ਵੈਬ-ਸਾਈਟ www.educationrecruitmentboard.com ਤੇ ਮਿਤੀ 09/04/2016 ਤੱਕ ਆਨਲਾਈਨ ਦਰਖਾਸਤਾਂ ਦੀ ਮੰਗ ਕੀਤੀ ਗਈ ਸੀ।ਜਿਹੜੇ ਉਮੀਦਵਾਰਾਂ ਨੇ ਇਹਨਾਂ ਅਸਾਮੀਆਂ ਲਈ ਆਨਲਾਈਨ ਅਪਲਾਈ ਕੀਤਾ ਸੀ, ਉਹਨਾਂ ਉਮੀਦਵਾਰਾਂ ਨੂੰ ਮਿਤੀ 25.04.2016 ਤੋਂ ਮਿਤੀ 04/05/2016 ਤੱਕ **ਸਰਕਾਰੀ ਮਾਡਲ ਸੀਨੀਅਰ ਸੰਕੈਡਰੀ ਸਕੂਲ, ਫੇਜ 3ਬੀ**-1, ਐਸ.ਏ.ਐਸ ਨਗਰ ਵਿੱਖੇ ਹੇਠਾਂ ਦਰਸਾਏ ਗਏ ਸਡਿਊਲ ਅਨੁਸਾਰ **ਸਵੇਰੇ 10.00 ਵਜੇ ਤੋ ਸਾਮ 3.00 ਵਜੇ ਤੱਕ ਅਸਲ ਦਸਤਾਵੇਜਾ ਦੀ ਸਕਰੂਟਨੀ ਲਈ ਸੱਦਾ ਦਿੱਤਾ ਜਾਂਦਾ ਹੈ। ਬਿਨੈਕਾਰ ਅਸਲ ਸਰਟੀਫਿਕੇਟ, ਸਰਟੀਫਿਕੇਟ ਦੀਆਂ ਖੁਦ ਤਸਦੀਕੀ ਫੋਟੋਕਾਪੀਆਂ ਦਾ ਇਕ ਸੈਟ, ਆਪਣੀ ਪਾਸਪੋਰਟ ਸਾਈਜ ਦੀਆਂ 4 ਫੋਟੋਆਂ, ਜਮ੍ਹਾਂ ਕਰਵਾਈ ਫੀਸ ਦਾ ਸਬੂਤ ਅਤੇ ਪੀ.ਐਸ.ਟੀ.ਈ.ਟੀ.-1 ਪਾਸ ਕਰਨ ਦਾ ਸਬੂਤ, ਕੰਪਿਊਟਰ ਵਿੱਚੋਂ ਡਾਊਨ ਲੋਡ ਕੀਤਾ ਰਜਿਸਟ੍ਰੇਸ਼ਨ ਫਾਰਮ ਦਾ ਸਬੂਤ ਫਾਈਲ ਕਵਰ ਵਿੱਚ ਟੈਗ ਕਰਕੇ ਸਾਰੇ ਅਸਲ ਸਰਟੀਫਿਕੇਟ ਅਤੇ ਤਸਦੀਕੀ ਫੋਟੋਕਾਪੀਆਂ ਹੇਠਾਂ ਦਰਸਾਈ ਗਈ ਤਰਤੀਬ ਅਨੁਸਾਰ ਵੱਖਰੀਆਂ ਫਾਈਲਾਂ ਵਿੱਚ ਲਗਾ ਕੇ ਦਸਤਾਵੇਜਾਂ ਦੀ ਸਕਰੂਟਨੀ ਲਈ ਨਿੱਜੀ ਤੌਰ ਤੇ ਹਾਜਰ ਹੋਣਗੇ-**

1. ਪੜਤਾਲ ਫਾਰਮ (ਵੈਬ-ਸਾਈਟ ਤੋਂ ਡਾਊਨਲੋਡ ਕਰਕੇ)।
2. ਵੈਬ-ਸਾਈਟ ਤੋਂ ਡਾਊਨਲੋਡ ਕੀਤਾ ਰਜਿਸਟਰੇਸ਼ਨ ਫਾਰਮ।
3. ਜਨਮ ਮਿਤੀ ਸਬੰਧੀ ਦਸਵੀਂ ਦਾ ਸਰਟੀਫਿਕੇਟ।
4. ਪੰਜਾਬੀ ਪਾਸ ਦਾ ਸਬੂਤ (10ਵੀਂ ਜਾਂ ਉਚੇਰੀ ਪੱਧਰ ਤੇ)।
5. ਬਾਰਵੀਂ ਜਮਾਤ ਦਾ DMC ਅਤੇ ਸਰਟੀਫਿਕੇਟ।
6. ਈ.ਟੀ.ਟੀ. ਪਾਸ DMC ਅਤੇ ਸਰਟੀਫਿਕੇਟ।
7. PSTET-1 ਦਾ ਸਰਟੀਫਿਕੇਟ।
8. ਕੈਟਾਗਿਰੀ ਸਬੰਧੀ ਸਰਟੀਫਿਕੇਟ।
9. ਪੰਜਾਬ ਦੇ ਵਸਨੀਕ ਹੋਣ ਦਾ ਸਬੂਤ (ਉਹ ਉਮੀਦਵਾਰ ਜਿਨ੍ਹਾ ਨੇ ਕਿਸੇ ਰਿਜਰਵ ਕੈਟਾਗਿਰੀ ਵਿਚ ਅਪਲਾਈ ਕੀਤਾ ਹੈ)।
10. ਆਮਦਨ ਸਬੰਧੀ ਸਵੈ-ਘੋਸ਼ਣਾ ਪੱਤਰ (ਜਿਹੜੇ ਉਮੀਦਵਾਰਾ ਨੇ ਪਛੜੀ ਸ਼੍ਰੇਣੀ ਦੀ ਕੈਟਾਗਿਰੀ ਵਿਚ ਅਪਲਾਈ ਕੀਤਾ ਹੈ) ।
11. ਵਿਦਿਅਕ ਯੋਗਤਾ ਸੰਬੰਧੀ ਸਵੈ-ਘੋਸ਼ਣਾ ਪੱਤਰ।

ਨੋਟ - ਉਮੀਦਵਾਰ ਉਪਰੋਕਤ ਲੜੀ ਨੰਬਰ 1 ਤੋਂ 11 ਤੱਕ ਦੇ ਸਾਰੇ ਅਸਲ ਸਰਟੀਫਿਕੇਟਾਂ/ ਦਸਤਾਵੇਜਾਂ ਨੂੰ ਸਕੈਨ ਕਰਕੇ ਇੱਕ DVD ਤਿਆਰ ਕਰਕੇ ਨਾਲ ਲਿਆਂਦੀ ਜਾਵੇ , DVD ਉਪਰ ਪੱਕੇ ਮਾਰਕਰ ਪੈਨ ਨਾਲ ਆਪਣਾ ਰਜਿਸਟਰੇਸਨ ਨੰਬਰ ਅਤੇ ਨਾਮ ਲਿਖ ਕੇ ਫਾਈਲ ਨਾਲ ਜਮਾਂ ਕਰਵਾਉਣਗੇ।

ਦਸਤਾਵੇਜਾਂ ਦੀ ਸਕਰੂਟਨੀ ਲਈ ਸਡਿਊਲ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ | ਮਿਤੀ | ਵੇਰਵੇ |
|---|---|---|
| 1 | 25-04-2016 | ਜਨਰਲ ਕੈਟਾਗਿਰੀ ਦੇ ਲੜੀ ਨੰ 1 ਤੋਂ 700 ਤੱਕ ਦੇ ਸਾਰੇ ਉਮੀਦਵਾਰ ਵੈਬਸਾਈਟ ਤੇ ਅਪਲੋਡ ਕੀਤੀ ਗਈ ਲਿਸਟ ਅਨੁਸਾਰ। |
| 2 | 26-04-2016 | ਜਨਰਲ ਕੈਟਾਗਿਰੀ ਦੇ ਲੜੀ ਨੰ 701 ਤੋਂ 1400 ਤੱਕ ਦੇ ਸਾਰੇ ਉਮੀਦਵਾਰ ਵੈਬਸਾਈਟ ਤੇ ਅਪਲੋਡ ਕੀਤੀ ਗਈ ਲਿਸਟ ਅਨੁਸਾਰ। |
| 3 | 27-04-2016 | ਜਨਰਲ ਕੈਟਾਗਿਰੀ ਦੇ ਲੜੀ ਨੰ 1401 ਤੋਂ 2100 ਤੱਕ ਦੇ ਸਾਰੇ ਉਮੀਦਵਾਰ ਵੈਬਸਾਈਟ ਤੇ ਅਪਲੋਡ ਕੀਤੀ ਗਈ ਲਿਸਟ ਅਨੁਸਾਰ। |
| 4 | 28-04-2016 | ਜਨਰਲ ਕੈਟਾਗਿਰੀ ਦੇ ਲੜੀ ਨੰ 2101 ਤੋਂ 2800 ਤੱਕ ਦੇ ਸਾਰੇ ਉਮੀਦਵਾਰ ਵੈਬਸਾਈਟ ਤੇ ਅਪਲੋਡ ਕੀਤੀ ਗਈ ਲਿਸਟ ਅਨੁਸਾਰ। |
| 5 | 29-04-2016 | ਜਨਰਲ ਕੈਟਾਗਿਰੀ ਦੇ ਲੜੀ ਨੰ 2801 ਤੋਂ 3500 ਤੱਕ ਦੇ ਸਾਰੇ ਉਮੀਦਵਾਰ ਵੈਬਸਾਈਟ ਤੇ ਅਪਲੋਡ ਕੀਤੀ ਗਈ ਲਿਸਟ ਅਨੁਸਾਰ। |
| 6 | 30-04-2016 | ਜਨਰਲ ਕੈਟਾਗਿਰੀ ਦੇ ਲੜੀ ਨੰ 3501 ਤੋਂ 4114 ਤੱਕ ਦੇ ਸਾਰੇ ਉਮੀਦਵਾਰ ਵੈਬਸਾਈਟ ਤੇ ਅਪਲੋਡ ਕੀਤੀ ਗਈ ਲਿਸਟ ਅਨੁਸਾਰ। |
| 7 | 02-05-2016 | ਬੀ. ਸੀ. ਕੈਟਾਗਿਰੀ ਦੇ ਲੜੀ ਨੰ 701 ਤੋਂ 1400 ਤੱਕ ਦੇ ਸਾਰੇ ਉਮੀਦਵਾਰ ਵੈਬਸਾਈਟ ਤੇ ਅਪਲੋਡ ਕੀਤੀ ਗਈ ਲਿਸਟ ਅਨੁਸਾਰ। |
| 8 | 03-05-2016 | ਬੀ.ਸੀ. ਕੈਟਾਗਿਰੀ ਦੇ ਲੜੀ ਨੰ 1401 ਤੋਂ 2179 ਤੱਕ ਦੇ ਸਾਰੇ ਉਮੀਦਵਾਰ ਵੈਬਸਾਈਟ ਤੇ ਅਪਲੋਡ ਕੀਤੀ ਗਈ ਲਿਸਟ ਅਨੁਸਾਰ। |
| 9 | 04-05-2016 | 1. ਜਿਨ੍ਹਾ ਉਮੀਦਵਾਰਾ ਨੇ ਮਿਤੀ 29/02/2016 ਤੋ 03/03/2016 ਤੱਕ ਐਕਸ-ਸਰਵਿਸਮੈਨ (ਜਨਰਲ) ਕੈਟਾਗਿਰੀ, ਐਕਸ- ਸਰਵਿਸਮੈਨ ਐਸ.ਸੀ(ਆਰ ਐਂਡ ਓ) ਕੈਟਾਗਿਰੀ ,ਐਕਸ- ਸਰਵਿਸਮੈਨ ਐਸ.ਸੀ(ਐਮ. ਐਂਡ ਬੀ) ਕੈਟਾਗਿਰੀ , ਐਕਸ- ਸਰਵਿਸਮੈਨ ਬੀ.ਸੀ ਕੈਟਾਗਿਰੀ , ਬੀ.ਸੀ. ਕੈਟਾਗਿਰੀ, ਸੁਤੰਤਰਤਾ ਸੰਗਰਾਮੀ ਕੈਟਾਗਿਰੀ , ਖਿਡਾਰੀ (ਜਰਨਲ) ਕੈਟਾਗਿਰੀ, ਖਿਡਾਰੀ ਐਸ.ਸੀ(ਆਰ ਐਂਡ ਓ)ਕੈਟਾਗਿਰੀ, ਖਿਡਾਰੀ ਐਸ.ਸੀ(ਐਮ ਐਂਡ ਬੀ.) ਕੈਟਾਗਿਰੀ, ਅੰਗਹੀਣ ਕੈਟਾਗਿਰੀ , ਐਸ.ਸੀ (ਐਮ ਐਂਡ ਬੀ) ਕੈਟਾਗਿਰੀ ਅਤੇ ਐਸ.ਸੀ (ਆਰ ਐਂਡ ਓ) ਕੈਟਾਗਿਰੀਆ ਵਿਚ ਸਕਰੂਟਨੀ ਕਰਵਾਈ |

| | | |
|---|---|---|
| | | ਸੀ, ਜੇਕਰ ਉਹ ਉਮੀਦਵਾਰ ਆਪਣੀ ਕੋਈ ਅਪਡੇਸ਼ਨ ਕਰਵਾਉਣੀ ਚਾਹੁੰਦੇ ਹਨ ਉਹ ਵੀ ਉੱਕਤ ਦਰਸਾਈ ਗਈ ਮਿਤੀ ਨੂੰ ਕਰਵਾ ਸਕਦੇ ਹਨ।<br>2. ਉੱਕਤ ਦਰਸਾਈਆ ਗਈਆ ਕੈਟਾਗਿਰੀਆ ਵਿਚੋ ਜੇਕਰ ਕਿਸੇ ਉਮੀਦਵਾਰ ਨੇ ਨਵੇਂ ਸਿਰੇ ਤੋ ਅਪਲਾਈ ਕੀਤਾ ਹੋਵੇ ਉਹ ਵੀ ਇਸ ਮਿਤੀ ਨੂੰ ਆਪਣੀ ਦਸਤਾਵੇਜਾਂ ਦੀ ਸਕਰੂਟਨੀ ਕਰਵਾ ਸਕਦਾ ਹੈ। |
| | | 3. ਜਿਨਾ ਉਮੀਦਵਾਰਾ ਦੀ ਸਕਰੂਟਨੀ ਹੋਣ ਤੋ ਬਾਅਦ ਦਸਤਾਵੇਜ਼ਾਂ ਵਿੱਚ ਕੋਈ ਤਬਦੀਲੀ ਨਹੀ ਹੈ। ਉਹਨਾ ਉਮੀਦਵਾਰਾ ਨੂੰ ਦੁਬਾਰਾ ਸਕਰੂਟਨੀ ਤੇ ਆਉਣ ਦੀ ਲੋੜ ਨਹੀ ਹੈ। |

1. ਉਪਰੋਕਤ ਦਿੱਤੇ ਸਡਿਊਲ ਅਨੁਸਾਰ ਉਮੀਦਵਾਰ ਦਸਤਾਵੇਜ਼ਾਂ ਦੀ ਸਕਰੂਟਨੀ ਕਰਵਾਉਣ ਲਈ ਨਿੱਜੀ ਪੱਧਰ ਤੇ ਹਾਜਰ ਹੋਣਾ ਯਕੀਨੀ ਬਨਾਉਣ।
2. ਕਿਸੇ ਵੀ ਉਮੀਦਵਾਰ ਵੱਲੋਂ ਦਸਤਾਵੇਜਾਂ ਦੀ ਸਕਰੂਟਨੀ ਵਿੱਚ ਹਾਜਰ ਹੋਣ ਦਾ ਭਾਵ ਇਹ ਨਹੀਂ ਕਿ ਉਸ ਦਾ ਨਿਯੁਕਤੀ ਲਈ ਹੱਕ ਪੈਦਾ ਹੋ ਗਿਆ ਹੈ।
3. ਦਸਤਾਵੇਜਾਂ ਦੀ ਸਕਰੂਟਨੀ ਸਮੇਂ ਸਾਰੇ ਅਸਲ ਦਸਤਾਵੇਜ/ਸਰਟੀਫਿਕੇਟ ਚੈਕ ਕੀਤੇ ਜਾਣਗੇ ਅਤੇ ਉਮੀਦਵਾਰ ਦੁਆਰਾ ਖੁਦ ਤਸਦੀਕੀ ਫੋਟੋ ਕਾਪੀਆਂ ਲਈਆ ਜਾਣਗੀਆ। ਇਸ ਤੋ ਬਾਅਦ ਕੋਈ ਵੀ ਸਰਟੀਫਿਕੇਟ/ਦਸਤਾਵੇਜ ਕਿਸੇ ਵੀ ਸੂਰਤ ਵਿੱਚ ਨਹੀਂ ਲਿਆ ਜਾਵੇਗਾ।
4. ਦਸਤਾਵੇਜਾਂ ਦੀ ਸਕਰੂਟਨੀ ਲਈ ਗਠਿਤ ਸਬ-ਕਮੇਟੀਆਂ ਵਲੋਂ ਜਿਨ੍ਹਾਂ ਉਮੀਦਵਾਰਾਂ ਦੇ ਕੋਈ ਦਸਤਾਵੇਜ ਅਧੂਰੇ ਪਾਏ ਜਾਂਦੇ ਹਨ ਤਾਂ ਉਹਨਾਂ ਦੀ ਪਾਤਰਤਾ ਉਸ ਸਮੇਂ ਰੱਦ ਕਰ ਦਿੱਤੀ ਜਾਵੇਗੀ।
5. www.educationrecruitmentboard.com ਵੈਬ ਸਾਈਟ ਤੇ ਪੜਤਾਲ ਫਾਰਮ, ਸਵੈ-ਘੋਸ਼ਣਾ ਪੱਤਰ ਪਾ ਦਿੱਤਾ ਗਿਆ ਹੈ । ਪੜਤਾਲ ਫਾਰਮ ਅਤੇ ਸਵੈ-ਘੋਸ਼ਣਾ ਪੱਤਰ ਦਸਤਾਵੇਜਾਂ ਦੀ ਸਕਰੂਟਨੀ ਵਾਲੇ ਦਿਨ ਉਮੀਦਵਾਰ ਪਹਿਲਾਂ ਹੀ ਭਰ ਕੇ ਲਿਆਉਣ।
6. ਸਪੱਸਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਉਮੀਦਵਾਰ ਦਾ ਕੋਈ ਵੀ ਦਸਤਾਵੇਜ / ਸਰਟੀਫਿਕੇਟ ਗਲਤ ਜਾਂ ਜਾਅਲੀ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਐਫ.ਆਈ.ਆਰ.ਮੌਕੇ ਤੇ ਹੀ ਦਰਜ ਕਰਵਾਈ ਜਾਵੇਗੀ।

**ਡਾਇਰੈਕਟਰ,ਸਿੱਖਿਆ ਭਰਤੀ ਡਾਇਰੈਕਟੋਰੇਟ**
**ਪੰਜਾਬ।**